ਸਵਾਗਤ ਜ਼ਿੰਦਗੀ

ਅੱਠਵੀਂ

ਪ੍ਰਸ਼ਨ ਬੈਂਕ

1. ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।
2. ਪ੍ਰਸ਼ਨ ਪੱਤਰ ਤਿੰਨ ਭਾਗਾਂ ਵਿੱਚ ਵੰਡਿਆ ਹੋਵੇਗਾ।
3. ਭਾਗ-ੳ ਵਿੱਚ ਪ੍ਰਸ਼ਨ ਨੰ. 1 ਵਿੱਚ 15 ਬਹੁ-ਵਿਕਲਪੀ ਪ੍ਰਸ਼ਨ, ਖਾਲੀ ਸਥਾਨ ਭਰਨਾ, ਸਹੀ-ਗਲਤ ਦੱਸਣਾ ਅਤੇ ਸਹੀ ਮਿਲਾਣ ਕਰਨਾ ਹੋਣਗੇ। ਹਰੇਕ ਪ੍ਰਸ਼ਨ ਦੋ ਅੰਕਾਂ ਦਾ ਹੋਵੇਗਾ। $15\times2=30$ ਅੰਕ
4. ਭਾਗ-ਅ ਵਿੱਚ ਪ੍ਰਸ਼ਨ ਨੰ. 2-9 ਤੱਕ ਅੱਠ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੋਣਗੇ ਜਿਹਨਾਂ ਵਿੱਚੋਂ ਵਿਦਿਆਰਥੀਆਂ ਨੇ ਕੋਈ ਚਾਰ ਪ੍ਰਸ਼ਨ ਕਰਨੇ ਹਨ। ਹਰੇਕ ਪ੍ਰਸ਼ਨ ਤਿੰਨ ਅੰਕਾਂ ਦਾ ਹੋਵੇਗਾ। $4\times3=12$ ਅੰਕ
5. ਭਾਗ-ੲ ਵਿੱਚ ਪ੍ਰਸ਼ਨ ਨੰ. 10 ਵਿੱਚ ਕਾਲਪਨਿਕ ਸਥਿਤੀ ਅਤੇ ਵਾਸਤਵਿਕ ਜੀਵਨ ਨਾਲ ਜੁੜੀ ਸਮੱਸਿਆ ਨੂੰ ਹੱਲ ਕਰਨ ਨਾਲ ਸੰਬੰਧਿਤ ਚਾਰ ਪ੍ਰਸ਼ਨ ਹੋਣਗੇ ਜਿਹਨਾਂ ਵਿੱਚੋਂ ਵਿਦਿਆਰਥੀਆਂ ਨੇ ਦੋ ਪ੍ਰਸ਼ਨ ਕਰਨੇ ਹਨ। ਹਰੇਕ ਪ੍ਰਸ਼ਨ ਚਾਰ ਅੰਕਾਂ ਦਾ ਹੋਵੇਗਾ। $2\times4=8$ ਅੰਕ

1. ਬਹੁ-ਵਿਕਲਪੀ ਪ੍ਰਸ਼ਨ

i. ਸਰੀਰ ਨੂੰ ਸਾਫ਼ ਰੱਖਣ ਲਈ ਕਿਹੜੀ ਆਦਤ ਚੰਗੀ ਹੈ?

ੳ ਅਣਢਕਿਆ ਖਾਣਾ ਖਾਣਾ।

ਅ ਸਾਰਿਆਂ ਦਾ ਸਾਂਝਾਂ ਤੌਲੀਆ ਹੋਣਾ।

ੲ ਹਰ ਰੋਜ਼ ਨਹਾਉਣਾ।

ਸ ਉਪਰੋਕਤ ਵਿੱਚੋਂ ਕੋਈ ਨਹੀਂ।

ਸਹੀ ਉੱਤਰ (ੲ)

ii. ਸਰੀਰ ਦੀ ਸਫ਼ਾਈ ਨਾਲ ਕੀ ਫ਼ਾਇਦਾ ਹੁੰਦਾ ਹੈ?

ੳ ਚੰਗੀ ਸਿਹਤ ਪ੍ਰਾਪਤ ਹੋਣਾ।

ਅ ਆਪਣੇ-ਆਪ ਨੂੰ ਬਿਮਾਰੀਆਂ ਤੋਂ ਬਚਾਉਣਾ।

ੲ ਦੂਸਰਿਆਂ ਨੂੰ ਬਿਮਾਰੀਆਂ ਤੋਂ ਬਚਾਉਣਾ।

ਸ ਉਪਰੋਕਤ ਸਾਰੇ।

ਸਹੀ ਉੱਤਰ (ਸ)

iii. ਸਾਨੂੰ ਲੰਮੇ ਵਾਲ੍ਹਾਂ ਨੂੰ ਹਫ਼ਤੇ ਵਿੱਚ ਘੱਟੋ-ਘੱਟ ਕਿੰਨੀ ਵਾਰ ਧੋਣਾ ਚਾਹੀਦਾ ਹੈ?

ੳ ਇੱਕ ਵਾਰ

ਅ ਹਰ ਰੋਜ਼

ੲ ਚਾਰ ਵਾਰ

ਸ ਬਾਰ-ਬਾਰ

ਸਹੀ ਉੱਤਰ (ੳ)

iv. ਸਾਨੂੰ ਸਾਬਣ ਨਾਲ਼ ਹੱਥ ਕਦੋਂ ਧੋਣੇ ਚਾਹੀਦੇ ਹਨ?

ੳ ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ।

ਅ ਪਖਾਨਾ ਜਾਣ ਤੋਂ ਬਾਅਦ

ੲ ਖੇਡ ਕੇ ਆਉਣ ਤੋਂ ਬਾਅਦ

ਸ ਉਪਰੋਕਤ ਸਾਰੇ।

ਸਹੀ ਉੱਤਰ (ਸ)

v. ਸਾਨੂੰ ਸੜਕ ਕੰਢੇ ਵਿਕਣ ਵਾਲ਼ਾ …………… ਖਾਣਾ ਖਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ?

ੳ ਸੁਆਦੀ

ਅ ਅਣ-ਢਕਿਆ

ੲ ਤਾਜ਼ਾ

ਸ ਉਪਰੋਕਤ ਸਾਰੇ

ਸਹੀ ਉੱਤਰ (ਅ)

vi. ਸਵੈ-ਨਿਯੰਤਰਣ ਜਾਂ ਸਵੈ-ਕਾਬੂ ਨਾਲ਼ ਹੋਣ ਵਾਲੇ ਫਾਇਦੇ ਦੱਸੋ।

ੳ ਆਪਣੀ ਮੰਜ਼ਿਲ ਦੀ ਪ੍ਰਾਪਤੀ।

ਅ ਵਧੀਆ ਕਾਰਗੁਜ਼ਾਰੀ

ੲ ਆਤਮ ਵਿਸ਼ਵਾਸ ਵਿੱਚ ਵਾਧਾ

ਸ ਉਪਰੋਕਤ ਸਾਰੇ।

ਸਹੀ ਉੱਤਰ (ਸ)

vii. ਆਪਣੀਆਂ ਆਦਤਾਂ ਨੂੰ ਆਪਣੇ ਕਾਬੂ ਹੇਠ ਕਰਨ ਲਈ ਤੁਸੀਂ ਕੀ ਕਰੋਗੇ?

ੳ ਸਵੈ-ਸ਼ਾਸਨ ਲਾਗੂ ਕਰਨਾ।

ਅ ਮਨ-ਮਰਜ਼ੀ ਕਰਨਾ

ੲ ਆਪਣੀਆਂ ਰੁਚੀਆਂ ਨੂੰ ਨਜ਼ਰਅੰਦਾਜ਼ ਕਰਨਾ।

ਸ ਜਿਦ ਕਰਨਾ।

ਸਹੀ ਉੱਤਰ (ੳ)

viii. ਜਦ ਤੁਹਾਨੂੰ ਕੋਈ ਡਾਂਟਦਾ ਹੈ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

ੳ ਅੱਗੋਂ ਬਹਿਸ ਕਰਨ ਲੱਗ ਜਾਣਾ ਚਾਹੀਦਾ ਹੈ।

ਅ ਰੋਣ ਲੱਗ ਜਾਣਾ ਚਾਹੀਦਾ ਹੈ।

ੲ ਜਦੋਂ ਉਨ੍ਹਾਂ ਦਾ ਗੁੱਸਾ ਸ਼ਾਂਤ ਹੋ ਜਾਵੇ ਤਾਂ ਆਪਣਾ ਪੱਖ ਪੇਸ਼ ਕਰਨਾ ਚਾਹੀਦਾ ਹੈ।

ਸ ਚੁੱਪ-ਚਾਪ ਸਹਿਣ ਕਰਦੇ ਰਹਿਣਾ ਚਾਹੀਦਾ ਹੈ।

ਸਹੀ ਉੱਤਰ (ੲ)

ix. ਜਦ ਤੁਹਾਨੂੰ ਕਿਸੇ ਨਾਲ਼ ਈਰਖਾ ਜਾਂ ਸਾੜਾ ਹੁੰਦਾ ਹੈ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

ੳ ਉਸ ਨੂੰ ਕੁਝ ਗਲਤ ਕਰਨ ਲਈ ਉਕਸਾਉਣਾ ਚਾਹੀਦਾ ਹੈ।

ਅ ਉਸ ਦਾ ਨੁਕਸਾਨ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ੲ ਉਸ ਦੀਆਂ ਚੰਗੀਆਂ ਆਦਤਾਂ ਅਪਣਾ ਕੇ ਆਪਣੇ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸ ਉਸ ਦਾ ਅਕਸ ਵਿਗਾੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸਹੀ ਉੱਤਰ (ੲ)

x. ਜਦੋਂ ਕਿਸੇ ਦੇ ਬੁਰੇ ਵਿਹਾਰ ਕਾਰਨ ਉਸ ਉੱਪਰ ਗੁੱਸਾ ਆਉਂਦਾ ਹੈ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

ੳ ਨਿਮਰਤਾ ਸਹਿਤ ਉਸ ਨੂੰ ਸੁਧਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਅ ਉਸ ਦੇ ਬੁਰੇ ਵਿਹਾਰ ਦਾ ਕਾਰਨ ਜਾਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ੲ ਕਿਸੇ ਵੱਡੇ ਨਾਲ਼ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ।

ਸ ਉਪਰੋਕਤ ਸਾਰੇ

ਸਹੀ ਉੱਤਰ (ਸ)

xi. ਆਪਣੇ ਬਜ਼ੁਰਗਾਂ ਨਾਲ਼ ਵਿਹਾਰ ਕਰਦੇ ਸਮੇਂ ਸਾਨੂੰ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ੳ ਵੱਡਿਆਂ ਨਾਲ਼ ਚੰਗਾ ਵਤੀਰਾ ਰੱਖੋ।

ਅ ਵੱਡਿਆਂ ਦਾ ਧੰਨਵਾਦ ਕਰੋ।

ੲ ਵੱਡਿਆਂ ਦੀ ਗੱਲ ਧਿਆਨ ਨਾਲ਼ ਸੁਣੋ।

ਸ ਉਪਰੋਕਤ ਸਾਰੇ

ਸਹੀ ਉੱਤਰ (ਸ)

xii. ਸਾਨੂੰ ਆਪਣੇ ਪਰਿਵਾਰ ਦੇ ਬਜ਼ੁਰਗਾਂ ਅਤੇ ਹੋਰ ਵੱਡਿਆਂ ਦਾ ਸਤਿਕਾਰ ਅਤੇ ਧੰਨਵਾਦ ਕਿਉਂ ਕਰਨਾ ਚਾਹੀਦਾ ਹੈ?

ੳ ਆਪਣੇ ਸੁਆਰਥ ਲਈ

ਅ ਉਨ੍ਹਾਂ ਦੀ ਚਾਪਲੂਸੀ ਲਈ

ਏ ਪਰਿਵਾਰ ਦੀ ਭਲਾਈ ਲਈ ਉਨ੍ਹਾਂ ਦੁਆਰਾ ਕੀਤੇ ਜਾਂਦੇ ਅਣਥੱਕ ਯਤਨਾਂ ਲਈ।

ਸ ਉਪਰੋਕਤ ਸਾਰੇ।

ਸਹੀ ਉੱਤਰ (ੲ)

xiii. ਆਪਣੇ ਬਜ਼ੁਰਗਾਂ ਪ੍ਰਤਿ ਸਤਿਕਾਰ ਨੂੰ ਕਿਵੇਂ ਦਰਸਾਇਆ ਜਾ ਸਕਦਾ ਹੈ?

ੳ ਪਿਆਰ ਭਰੇ ਸ਼ਬਦਾਂ ਰਾਹੀਂ

ਅ ਹਾਵ-ਭਾਵਾਂ ਰਾਹੀਂ

ੲ ਦੋਨੋਂ ੳ ਅਤੇ ਅ

ਸ ਉਪਰੋਕਤ ਵਿੱਚੋਂ ਕੋਈ ਨਹੀਂ

ਸਹੀ ਉੱਤਰ (ੲ)

xiv. ਅਸੀਂ ਆਪਣੇ ਮਾਤਾ-ਪਿਤਾ ਅਤੇ ਪਰਿਵਾਰ ਦੇ ਹੋਰ ਬਜ਼ੁਰਗਾਂ ਦਾ ਸ਼ੁਕਰੀਆ ਕਿਸ ਤਰ੍ਹਾਂ ਨਾਲ਼ ਕਰ ਸਕਦੇ ਹਾਂ?

ੳ ਨਿਮਰਤਾ ਨਾਲ਼ ਬੋਲ ਕੇ

ਅ ਆਗਿਆਕਾਰੀ ਬਣ ਕੇ

ੲ ਉਹਨਾਂ ਨਾਲ਼ ਸਮਾਂ ਬਿਤਾ ਕੇ

ਸ ਉਪਰੋਕਤ ਸਾਰੇ

ਸਹੀ ਉੱਤਰ (ਸ)

xv. ਸਾਨੂੰ ਆਪਣੇ ਵੱਡਿਆਂ ਨਾਲ਼ ਕਿਸ ਬਾਰੇ ਸਲਾਹ ਕਰਨੀ ਚਾਹੀਦੀ ਹੈ?

ੳ ਸਕੂਲ ਵਿੱਚ ਨਕਲ ਕਰਨ ਬਾਰੇ

ਅ ਆਪਣੀਆਂ ਮੁਸ਼ਕਿਲਾਂ ਬਾਰੇ

ੲ ਕਿਸੇ ਨਾਲ਼ ਲੜਾਈ ਕਰਨ ਦੇ ਤਰੀਕੇ ਬਾਰੇ

ਸ ਦੂਸਰਿਆਂ ਦੀ ਚੁਗਲੀ ਕਰਨ ਬਾਰੇ

ਸਹੀ ਉੱਤਰ (ਅ)

xvi. ਸੜਕ ਸੁਰੱਖਿਆ ਦੇ ਪੱਖ ਤੋ ਹੇਠ ਲਿਖਿਆਂ ਵਿੱਚੋਂ ਕਿਹੜਾ ਵਿਹਾਰ ਸਹੀ ਹੈ?

ੳ ਸੜਕ 'ਤੇ ਖੇਡਣਾ

ਅ ਫੁੱਟ-ਪਾਥ 'ਤੇ ਤੁਰਨਾ

ੲ ਚੱਲਦੀ ਬੱਸ ਵਿੱਚ ਚੜ੍ਹਨਾ

ਸ ਟ੍ਰੈਫਿਕ ਸੰਕੇਤਾਂ ਦੀ ਪਾਲਣਾ ਨਾ ਕਰਨਾ

ਸਹੀ ਉੱਤਰ (ਅ)

xvii. ਸੜਕ ਸੁਰੱਖਿਆ ਦੇ ਪੱਖੋਂ ਹੇਠ ਲਿਖਿਆਂ ਵਿੱਚੋਂ ਕਿਹੜਾ ਵਿਹਾਰ ਸਹੀ ਨਹੀਂ ਹੈ?

ੳ ਸੜਕ ਤੋਂ ਦੂਰ ਪਾਰਕ ਵਿੱਚ ਖੇਡਣਾ

ਅ ਪੂਰੇ ਸੁਚੇਤ ਹੋ ਕੇ ਧਿਆਨ ਨਾਲ਼ ਸੜਕ ਪਾਰ ਕਰਨਾ।

ੲ ਸੜਕ 'ਤੇ ਚਲਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਕਰਨਾ

ਸ ਫੁੱਟ-ਪਾਥ 'ਤੇ ਤੁਰਨਾ

ਸਹੀ ਉੱਤਰ (ੲ)

xviii. ਵਾਕ ਪੂਰਾ ਕਰੋ-ਅੱਜ ਦੀ ਸਾਵਧਾਨੀ ………

ੳ ਕੱਲ੍ਹ ਤਾਂ ਸੁਰੱਖਿਅਤ ਜੀਵਨ

ਅ ਕੱਲ੍ਹ ਦੀ ਪਰੇਸ਼ਾਨੀ

ੲ ਮੂਰਖਤਾ ਦੀ ਨਿਸ਼ਾਨੀ

ਸ ਉਪਰੋਕਤ ਵਿੱਚੋਂ ਕੋਈ ਨਹੀਂ

ਸਹੀ ਉੱਤਰ (ੳ)

xix. ਸੜਕ 'ਤੇ ਆਪਣੀ ਕੀਮਤੀ ਜ਼ਿੰਦਗੀ ਦੀ ਸੁਰੱਖਿਆ ਲਈ ਤੁਸੀਂ ਕੀ ਕਰੋਗੇ?

ੳ ਸੜਕ ਤੋਂ ਦੂਰ ਪਾਰਕ ਵਿੱਚ ਖੇਡਣਾ।

ਅ ਭੱਜ ਕੇ ਸੜਕ ਪਾਰ ਕਰਨਾ।

ੲ ਸੜਕ 'ਤੇ ਮੋਬਾਇਲ ਜਾਂ ਹੈਡ ਫੋਨ ਦੀ ਵਰਤੋਂ ਕਰਨਾ

ਸ ਚੱਲਦੀ ਬੱਸ ਵਿੱਚ ਚੜ੍ਹਨਾ

ਸਹੀ ਉੱਤਰ (ੳ)

xx. ਸੱਭਿਅਤਾ ਦੇ ਆਰੰਭ ਤੋਂ ਹੀ ਪਸ਼ੂਆਂ ਨੇ ਮਨੁੱਖਾਂ ਦੀ ਮਦਦ ਕਿਸ ਪ੍ਰਕਾਰ ਕੀਤੀ ਹੈ?

ੳ ਰਖਵਾਲੇ ਬਣਕੇ

ਅ ਸਹਿਕਰਮੀ ਬਣ ਕੇ

ੲ ਵਧੀਆ ਦੋਸਤ ਬਣ ਕੇ

ਸ ਉਪਰੋਕਤ ਸਾਰੇ

ਸਹੀ ਉੱਤਰ (ਸ)

xxi. ਜਾਨਵਰ ਮਨੁੱਖ ਦੀ ਤਰ੍ਹਾਂ ਹੀ ਪੀੜ ਹੋਣ ਤੇ ……… ਹਨ।

ੳ ਰੋਂਦੇ

ਅ ਹੱਸਦੇ

ੲ ਨੱਚਦੇ

ਸ ਉਪਰੋਕਤ ਵਿੱਚੋਂ ਕੋਈ ਨਹੀਂ

ਸਹੀ ਉੱਤਰ (ੳ)

xxii. ਜਾਨਵਰਾਂ ਦਾ ਮਨੁੱਖਾਂ ਦੀ ਤਰ੍ਹਾਂ ਇਕ ………ਹੁੰਦਾ ਹੈ।

ੳ ਸ਼ਹਿਰ

ਅ ਸਕੂਲ

ੲ ਪਰਿਵਾਰ

ਸ ਉਪਰੋਕਤ ਵਿੱਚੋਂ ਕੋਈ ਨਹੀਂ

ਸਹੀ ਉੱਤਰ (ੲ)

xxiii. ਪਸ਼ੂਆਂ ਅਤੇ ਮਨੁੱਖਾਂ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਗੁਣ ਸਮਾਨ ਹੁੰਦਾ ਹੈ?

ੳ ਭਾਵਨਾਵਾਂ

ਅ ਯਾਦ-ਸ਼ਕਤੀ

ੲ ਸਿੱਖਣ ਦੀ ਸਮਰੱਥਾ

ਸ ਉਪਰੋਕਤ ਸਾਰੇ

ਸਹੀ ਉੱਤਰ (ਸ)

xxiv. ਪਸ਼ੂ ਮਨੁੱਖਾਂ ਦੀ ਤਰ੍ਹਾਂ ਹੀ

ੳ ਸਾਹ ਲੈਂਦੇ ਹਨ

ਅ ਬੋਲਦੇ ਹਨ

ੲ ਸੋਚਦੇ ਹਨ

ਸ ਗਾਉਂਦੇ ਹਨ

ਸਹੀ ਉੱਤਰ (ੳ)

xxv. ਸੱਭਿਅਤਾ ਦੇ ਵਿਕਾਸ ਅਤੇ ਆਧੁਨਿਕਤਾ ਦੀ ਹੋੜ ਨੇ ਸਾਨੂੰ ਕਿਸ ਤੋਂ ਦੂਰ ਕਰ ਦਿੱਤਾ ਹੈ?

ੳ ਧਰਤੀ 'ਤੇ ਮੌਜੂਦ ਬਾਕੀ ਜੀਵ-ਰੂਪਾਂ ਤੋਂ

ਅ ਕੁਦਰਤੀ ਵਾਤਾਵਰਨ ਤੋਂ

ੲ ਦੋਨੋਂ ੳ ਅਤੇ ਅ

ਸ ਉਪਰੋਕਤ ਵਿੱਚੋਂ ਕੋਈ ਨਹੀਂ

ਸਹੀ ਉੱਤਰ (ੲ)

xxvi. ਫ਼ੈਸਲਾ ਲੈਣ ਦਾ ਅਰਥ ਹੈ………ਵਿਕਲਪਾਂ ਵਿੱਚੋਂ ਕਿਸੇ ਇੱਕ ਦੀ ਚੋਣ ਕਰਨਾ।

ੳ ਗਲਤ

ਅ ਸਹੀ

ੲ ਸੰਭਾਵਿਤ

ਸ ਉਪਰੋਕਤ ਵਿੱਚੋਂ ਕੋਈ ਨਹੀਂ

ਸਹੀ ਉੱਤਰ (ੲ)

xxvii. ਫੈਸਲਾ ਲੈਣਾ ਨਿਰਭਰ ਕਰਦਾ ਹੈ-

ੳ ਸਾਰੇ ਵਿਕਲਪਾਂ ਬਾਰੇ ਤਰਕਸ਼ੀਲ ਸੋਚ ’ਤੇ

ਅ ਸਾਰੇ ਵਿਕਲਪਾਂ ਦੀ ਤੁਲਨਾ ’ਤੇ

ੲ ਦੋਨੋਂ ੳ ਅਤੇ ਅ

ਸ ਉਪਰੋਕਤ ਵਿੱਚੋਂ ਕੋਈ ਨਹੀਂ

ਸਹੀ ਉੱਤਰ (ੲ)

xxviii. ਹੇਠ ਲਿਖੀਆਂ ਵਿੱਚੋਂ ਕਿਹੜਾ ਵਿਹਾਰ ਚੰਗੀ ਖੇਡ ਭਾਵਨਾ ਨੂੰ ਪ੍ਰਦਰਸ਼ਿਤ ਕਰਦਾ ਹੈ?

ੳ ਨਿਯਮਾਂ ਦਾ ਪਾਲਣ ਕਰਨਾ

ਅ ਦੂਸਰੀ ਟੀਮ ਦੀ ਖੇਡ ਦਾ ਆਦਰ ਕਰਨਾ

ੲ ਆਪਣੀ ਹਾਰ ਨੂੰ ਸਵੀਕਾਰ ਕਰਨਾ

ਸ ਉਪਰੋਕਤ ਸਾਰੇ

ਸਹੀ ਉੱਤਰ (ਸ)

xxix. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਚੰਗੀ ਖੇਡ -ਭਾਵਨਾ ਨੂੰ ਦਰਸਾਉਂਦਾ ਹੈ?

ੳ ਆਦਰ

ਅ ਮੁਬਾਰਕਬਾਦ

ੲ ਬੇਈਮਾਨੀ

ਸ ਆਲੋਚਨਾ

ਸਹੀ ਉੱਤਰ (ਅ)

xxx. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਮਾੜੀ ਖੇਡ ਭਾਵਨਾ ਨੂੰ ਦਰਸਾਉਂਦਾ ਹੈ?

ੳ ਆਦਰ

ਅ ਮੁਬਾਰਕਬਾਦ

ੲ ਇਮਾਨਦਾਰੀ

ਸ ਝਗੜਾ

ਸਹੀ ਉੱਤਰ (ਸ)

xxxi. ਜਿੱਤਣ 'ਤੇ ………ਨਾ ਕਰਨਾ ਚੰਗੇ ਖਿਡਾਰੀ ਦਾ ਖਾਸ ਗੁਣ ਹੁੰਦਾ ਹੈ।

ੳ ਹੰਕਾਰ

ਅ ਖੁਸ਼ੀ

ੲ ਈਰਖਾ

ਸ ਉਪਰੋਕਤ ਵਿੱਚੋਂ ਕੋਈ ਨਹੀਂ

ਸਹੀ ਉੱਤਰ (ੳ)

xxxii. ਹੇਠ ਲਿਖਿਆਂ ਵਿੱਚੋਂ ਕਿਹੜੀ ਜਨਤਕ ਸੰਪਤੀ ਹੈ?

ੳ ਸਕੂਲ

ਅ ਰੇਲਵੇ

ੲ ਲਾਇਬ੍ਰੇਰੀ

ਸ ਉਪਰੋਕਤ ਸਾਰੇ

ਸਹੀ ਉੱਤਰ (ਸ)

xxxiii. ਤੁਸੀਂ ਆਪਣੇ ਸਕੂਲ ਦੀ ਦੇਖਭਾਲ ਕਿਸ ਤਰ੍ਹਾਂ ਕਰੋਗੇ?

ੳ ਕੰਧਾਂ 'ਤੇ ਲਿਖ ਕੇ

ਅ ਖਿੜਕੀ ਦੇ ਸ਼ੀਸ਼ੇ ਤੋੜ ਕੇ

ੲ ਚਾਕ ਨਾਲ਼ ਖੇਡ ਕੇ

ਸ ਉਪਰੋਕਤ ਵਿੱਚੋਂ ਕੋਈ ਨਹੀਂ

ਸਹੀ ਉੱਤਰ (ਸ)

xxxiv. ਸਾਡਾ ਫਰਜ਼ ਹੈ ਕਿ ਅਸੀਂ-

ੳ ਜਨਤਕ ਸੰਪਤੀ ਦੀ ਸੰਭਾਲ ਕਰੀਏ

ਅ ਜਨਤਕ ਸੰਪਤੀ ਨੂੰ ਸਾਫ਼ ਰੱਖੀਏ

ੲ ਜਨਤਕ ਸੰਪਤੀ ਨੂੰ ਨੁਕਸਾਨ ਨਾ ਪਹੁੰਚਾਈਏ।

ਸ ਉਪਰੋਕਤ ਸਾਰੇ

ਸਹੀ ਉੱਤਰ (ਸ)

xxxv. ………ਅਧਿਕਾਰ, ………ਸਤਿਕਾਰ। (ਨੋਟ- ਦੋਹਾਂ ਖਾਲੀ ਸਥਾਨਾਂ ਵਿੱਚ ਇੱਕ ਹੀ ਸ਼ਬਦ ਆਏਗਾ)

ੳ ਤੇਰਾ

ਅ ਬਰਾਬਰ

ੲ ਵੱਧ

ਸ ਉਪਰੋਕਤ ਵਿੱਚੋਂ ਕੋਈ ਨਹੀਂ

ਸਹੀ ਉੱਤਰ (ਅ)

xxxvi. ਲੜਕੇ ਅਤੇ ਲੜਕੀਆਂ ਨੂੰ ਤਰੱਕੀ ਦੇ ………ਮੌਕੇ ਮਿਲਣੇ ਚਾਹੀਦੇ ਹਨ।

ੳ ਬਰਾਬਰ

ਅ ਅਸਮਾਨ

ੲ ਦੋਨੋਂ ੳ ਅਤੇ ਅ

ਸ ਉਪਰੋਕਤ ਵਿੱਚੋਂ ਕੋਈ ਨਹੀਂ

ਸਹੀ ਉੱਤਰ (ੳ)

xxxvii. ਸਿਲਾਈ ਕਢਾਈ ਵਰਗੇ ਕੰਮ ਨੂੰ ਕੌਣ ਨਿਪੁੰਨਤਾ ਨਾਲ਼ ਕਰ ਸਕਦਾ ਹੈ?

ੳ ਲੜਕੇ

ਅ ਲੜਕੀਆਂ

ੲ ਦੋਨੋਂ 'ੳ' ਅਤੇ 'ਅ'

ਸ ਕੋਈ ਵੀ ਨਹੀਂ

ਸਹੀ ਉੱਤਰ (ੲ)

2. ਖਾਲੀ ਸਥਾਨ ਭਰੋ:

i. ਸਰੀਰ ਦੀ ਸਫ਼ਾਈ ਰਾਹੀਂ ………… ਪ੍ਰਾਪਤ ਕੀਤੀ ਜਾ ਸਕਦੀ ਹੈ।

ii. ਸਾਨੂੰ ਹਰ ਰੋਜ਼ …………ਅਤੇ …………ਨਾਲ਼ ਚੰਗੀ ਤਰ੍ਹਾਂ ਨਹਾਉਣਾ ਚਾਹੀਦਾ ਹੈ।

iii. ਸਾਨੂੰ ਪਰਿਵਾਰ ਵਿੱਚ ਸਾਰਿਆਂ ਨੂੰ ਅਲੱਗ ਅਲੱਗ …………ਅਤੇ …………ਦਾ ਇਸਤੇਮਾਲ ਕਰਨਾ ਚਾਹੀਦਾ ਹੈ।

iv. ਸਾਨੂੰ ਖੰਘਣ ਅਤੇ ਛਿੱਕਣ ਸਮੇਂ ਆਪਣੇ ਮੂੰਹ ਅਤੇ ਨੱਕ ਨੂੰ ………… ਨਾਲ਼ ਢਕਣਾ ਚਾਹੀਦਾ ਹੈ।

v. ਨਸ਼ੇ ਸਾਡੇ ਸਰੀਰ ਨੂੰ ………… ਕਰ ਦਿੰਦੇ ਹਨ।

vi. ਸਵੈ-ਨਿਯੰਤਰਣ ਨਾਲ਼ ਆਪਣੀਆਂ …………'ਤੇ ਕਾਬੂ ਪਾਇਆ ਜਾ ਸਕਦਾ ਹੈ।

vii. ਸਵੈ-ਨਿਯੰਤਰਣ ਦੁਆਰਾ ਆਪਣੀ …………ਵਿੱਚ ਹੋਰ ਨਿਖਾਰ ਲਿਆਇਆ ਜਾ ਸਕਦਾ ਹੈ।

viii. ਨਿਰੰਤਰ………… ਦੁਆਰਾ ਆਪਣੇ ਸਵੈ-ਵਿਸ਼ਵਾਸ ਵਿੱਚ ਵਾਧਾ ਕੀਤਾ ਜਾ ਸਕਦਾ ਹੈ।

ix. ਬਜ਼ੁਰਗਾਂ ਕੋਲ਼ ਤਜਰਬਾ ਮਹਾਨ, ਬਜ਼ੁਰਗ ਹੁੰਦੇ ਘਰ ਦੀ ………… ।

x. ਸਾਨੂੰ ਆਪਣੇ ਬਜ਼ੁਰਗਾਂ ਦਾ ………… ਕਰਨਾ ਚਾਹੀਦਾ ਹੈ।

xi. ਆਪਣੇ ਬਜ਼ੁਰਗਾਂ ਨਾਲ਼ ………… ਨਾਲ਼ ਬੋਲਣਾ ਚਾਹੀਦਾ ਹੈ।

xii. ਵੱਡਿਆਂ ਦੀ ਗੱਲ ………… ਨਾਲ਼ ਸੁਣਨੀ ਚਾਹੀਦੀ ਹੈ।

xiii. ਵੱਡਿਆਂ ਦੀ ਆਗਿਆ ਦਾ ………… ਕਰਨਾ ਚਾਹੀਦਾ ਹੈ।

xiv. ਸਾਨੂੰ ਘਰੇਲੂ ਕੰਮਾਂ ਵਿੱਚ ਆਪਣੇ ਪਰਿਵਾਰ ਦੀ ………… ਕਰਨੀ ਚਾਹੀਦੀ ਹੈ।

xv. ਅੱਜ ਦੀ ………… , ਕੱਲ੍ਹ ਦਾ ਸੁਰੱਖਿਅਤ ਜੀਵਨ।

xvi. ਮਨੁੱਖੀ ਜ਼ਿੰਦਗੀ ਕੁਦਰਤ ਦਾ ਅਨਮੋਲ ………… ਹੈ।

xvii. ਸੜਕ ’ਤੇ ਕੀਤੀ ਛੋਟੀ ਜਿਹੀ …………ਸਾਡੀ ਕੀਮਤੀ ਜ਼ਿੰਦਗੀ ਲੈ ਸਕਦੀ ਹੈ।

xviii. ਮਨੁੱਖ ਆਪਣੀ …………ਕਾਰਨ ਕੁਦਰਤ ਦੀ ਸਭ ਤੋਂ ਉੱਤਮ ਰਚਨਾ ਹੈ।

xix. ਹਰ ਪ੍ਰਾਣੀ ਜਾਂ ਵਸਤੂ ਦੀ ਕੁਦਰਤ ਵਿੱਚ ਇੱਕ ਮਹੱਤਵਪੂਰਨ …………ਹੈ।

xx. ਸਾਰੇ ਜੀਵਤ ਪ੍ਰਾਣੀਆਂ ਪ੍ਰਤੀ ਦਇਆ ਦੀ ਭਾਵਨਾ ਰੱਖਣਾ ਸੰਵਿਧਾਨ ਅਨੁਸਾਰ ਸਾਡਾ ਮੌਲਿਕ …………ਹੈ।

xxi. ਸਮੱਸਿਆ ਨੂੰ ਹੱਲ ਕਰਨ ਲਈ ਵੱਖੋ-ਵੱਖਰੇ …………ਲੱਭਣੇ ਚਾਹੀਦੇ ਹਨ।

xxii. …………ਨਾਲ਼ ਹਾਰਨਾ ਅਤੇ …………ਨਾਲ਼ ਜਿੱਤਣਾ ਚੰਗੀ ਖੇਡ ਭਾਵਨਾ ਦਾ ਕੇਂਦਰ-ਬਿੰਦੂ ਹੈ।

xxiii. ਇੱਕ ਚੰਗਾ ਖਿਡਾਰੀ ਆਪਣੀ ਅਸਫਲਤਾ ਤੋਂ …………ਲੈਂਦਾ ਹੋਇਆ ਅੱਗੇ ਵੱਧਦਾ ਹੈ।

xxiv. ਲੜਕੇ ਅਤੇ ਲੜਕੀਆਂ ਨੂੰ ਬਰਾਬਰ ………… ਮਿਲਣੇ ਚਾਹੀਦੇ ਹਨ।

xxv. ਲੜਕੇ ਅਤੇ ਲੜਕੀਆਂ ਦੇ ਸਮਾਜ ਪ੍ਰਤਿ …………ਬਰਾਬਰ ਹਨ।

**ਸਹੀ ਉੱਤਰ**

i. ਤੰਦਰੁਸਤੀ/ਚੰਗੀ ਸਿਹਤ, ii. ਸਾਬਣ, ਪਾਣੀ, iii. ਤੌਲੀਏ, ਕੰਘੇ, iv. ਰੁਮਾਲ, v. ਖੋਖ਼ਲਾ, vi. ਭਾਵਨਾਵਾਂ, viii ਕਾਬਲੀਅਤ/ਯੋਗਤਾ, viii. ਅਭਿਆਸ, ix. ਸ਼ਾਨ, x. ਸਤਿਕਾਰ, xi ਨਿਮਰਤਾ, xii. ਧਿਆਨ, xiii ਪਾਲਣ, xiv. ਮਦਦ, xv. ਸਾਵਧਾਨੀ, xvi ਤੋਹਫ਼ਾ, xvii ਲਾਪਰਵਾਹੀ, xviii. ਦਿਮਾਗੀ ਤਾਕਤ, xix. ਭੂਮਿਕਾ, xx.ਕਰਤੱਵ xxi.ਵਿਕਲਪ, xxii.ਸ਼ਾਨ, ਨਿਮਰਤਾ, xxiii. ਸਬਕ, xxiv. ਅਧਿਕਾਰ, xxv. ਫ਼ਰਜ਼

**3. ਸਹੀ/ਗ਼ਲਤ**

i. ਸਰੀਰ ਦੀ ਸਫ਼ਾਈ ਰਾਹੀਂ ਚੰਗੀ ਸਿਹਤ ਪ੍ਰਾਪਤ ਕੀਤੀ ਜਾ ਸਕਦੀ ਹੈ।

ii. ਦੰਦਾਂ ਨੂੰ ਬੁਰਸ਼ ਕਰਨ ਨਾਲ਼ ਦੰਦ ਕਮਜ਼ੋਰ ਹੋ ਜਾਂਦੇ ਹਨ।

iii. ਆਪਣੇ ਨਹੁੰਆਂ ਨੂੰ ਸਾਫ਼ ਰੱਖਣਾ ਅਤੇ ਹਰ ਹਫ਼ਤੇ ਕੱਟਣਾ ਚਾਹੀਦਾ ਹੈ।

iv. ਸਵੈ-ਨਿਯੰਤਰਣ ਨਾਲ਼ ਸਾਡੀ ਸਕੂਲ ਵਿੱਚ ਕਾਰਗੁਜ਼ਾਰੀ ਵੀ ਵਧੀਆ ਹੋ ਜਾਂਦੀ ਹੈ।

v. ਕਿਸੇ ਨਾਲ਼ ਈਰਖਾ ਜਾਂ ਸਾੜਾ ਹੋਣ 'ਤੇ ਉਸ ਦਾ ਅਕਸ ਵਿਗਾੜਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

vi. ਸਾਨੂੰ ਬਜ਼ੁਰਗਾਂ ਨਾਲ਼ ਨਿਮਰਤਾ ਅਤੇ ਹਲੀਮੀ ਨਾਲ਼ ਬੋਲਣਾ ਚਾਹੀਦਾ ਹੈ।

vii. ਸਾਨੂੰ ਘਰੇਲੂ ਕੰਮਾਂ ਵਿੱਚ ਪਰਿਵਾਰ ਦੀ ਮਦਦ ਕਰਨੀ ਚਾਹੀਦੀ ਹੈ।

viii. ਸੜਕ 'ਤੇ ਵਰਤੀ ਗਈ ਛੋਟੀ ਜਿਹੀ ਲਾਪਰਵਾਹੀ ਸਾਡੀ ਜਾਨ ਲੈ ਸਕਦੀ ਹੈ।

ix. ਸੜਕ ਪਾਰ ਕਰਦੇ ਸਮੇਂ ਸਾਨੂੰ ਕਾਹਲੀ ਨਹੀਂ ਕਰਨੀ ਚਾਹੀਦੀ।

x. ਜਾਨਵਰ ਮਨੁੱਖ ਦੀ ਤਰ੍ਹਾਂ ਹੀ ਜੀਵਿਤ ਪ੍ਰਾਣੀ ਹਨ।

xi. ਸਾਰੇ ਜੀਵਤ ਪ੍ਰਾਣੀਆਂ ਪ੍ਰਤੀ ਦਇਆ ਦੀ ਭਾਵਨਾ ਰੱਖਣਾ ਸੰਵਿਧਾਨ ਅਨੁਸਾਰ ਸਾਡਾ ਮੌਲਿਕ ਕਰਤੱਵ ਹੈ।

xii. ਜਾਨਵਰਾਂ ਵਿਰੁੱਧ ਅੱਤਿਆਚਾਰ ਇੱਕ ਸਜ਼ਾਯੋਗ ਅਪਰਾਧ ਹੈ।

xiii. ਅੱਜ ਦੇ ਸਮੇਂ ਵਿੱਚ ਮਨੁੱਖ ਪਸ਼ੂਆਂ 'ਤੇ ਬਿਲਕੁਲ ਵੀ ਨਿਰਭਰ ਨਹੀਂ ਕਰਦਾ।

xiv. ਮਨੁੱਖ ਦਾ ਫਰਜ਼ ਹੈ ਕਿ ਉਹ ਧਰਤੀ ਤੇ ਮੌਜੂਦ ਸਾਰੇ ਜੀਵ-ਰੂਪਾਂ ਦਾ ਸਤਿਕਾਰ ਅਤੇ ਸੰਭਾਲ ਕਰੇ।

xv. ਫ਼ੈਸਲਾ ਲੈਣਾ ਸਾਰੇ ਵਿਕਲਪਾਂ ਬਾਰੇ ਤਰਕਸ਼ੀਲ ਸੋਚ ਅਤੇ ਤੁਲਨਾ 'ਤੇ ਆਧਾਰਿਤ ਹੁੰਦਾ ਹੈ।

xvi. ਫ਼ੈਸਲਾ ਲੈਣ ਸਮੇਂ ਸਮੱਸਿਆ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਨਹੀਂ ਹੈ।

xvii. ਕਿਸੇ ਵੀ ਸਮੱਸਿਆ ਨਾਲ਼ ਨਜਿੱਠਣ ਦੇ ਬਹੁਤ ਸਾਰੇ ਵਿਕਲਪ ਹੁੰਦੇ ਹਨ।

xviii. ਫੈਸਲਾ ਲੈਣ ਤੋਂ ਪਹਿਲਾਂ ਸਾਰੇ ਹੱਲਾਂ ਦੇ ਸਾਰੇ ਸਕਾਰਾਤਮਿਕ ਅਤੇ ਨਾਕਾਰਾਤਮਿਕ ਪਹਿਲੂਆਂ ਦੀ ਭਾਲ਼ ਕਰਨੀ ਚਾਹੀਦੀ ਹੈ।

xix. ਖੇਡ ਭਾਵਨਾ ਜੀਵਨ ਦੇ ਹਰ ਖੇਤਰ ਅਤੇ ਹਰ ਪ੍ਰਤੀਯੋਗਿਤਾ ਵਿੱਚ ਸਾਨੂੰ ਸਨਮਾਨਪੂਰਬਕ ਜਿੱਤਣ ਅਤੇ ਹਾਰਨ ਲਈ ਅਤਿ ਜ਼ਰੂਰੀ ਹੈ।

xx. ਚੰਗਾ ਖਿਡਾਰੀ ਆਪਣੀ ਹਾਰ ਨੂੰ ਸਹਿਜਤਾ ਨਾਲ਼ ਸਵੀਕਾਰ ਨਹੀਂ ਕਰ ਪਾਉਂਦਾ।

xxi. ਚੰਗੀ ਖੇਡ ਭਾਵਨਾ ਸਾਡੇ ਵਿਹਾਰ ਨੂੰ ਨਿਯੰਤਰਿਤ ਕਰਕੇ ਸਾਨੂੰ ਸੰਜਮੀ ਅਤੇ ਅਨੁਸ਼ਾਸਨੀ ਬਣਾਉਂਦੀ ਹੈ।

xxii. ਲਾਇਬ੍ਰੇਰੀ ਵਿੱਚ ਬੈਠ ਕੇ ਸ਼ਾਂਤੀ ਬਣਾਈ ਰੱਖਣੀ ਚਾਹੀਦੀ ਹੈ।

xxiii. ਸਕੂਲ ਦੀਆਂ ਕੰਧਾਂ 'ਤੇ ਲਿਖਣਾ ਚਾਹੀਦਾ ਹੈ।

xxiv. ਲਾਇਬ੍ਰੇਰੀ ਦੀਆਂ ਕਿਤਾਬਾਂ ਚੋਂ ਪੰਨੇ ਪਾੜਨੇ ਚਾਹੀਦੇ ਹਨ।

xxv. ਲੜਕੀਆਂ ਖੇਤੀ-ਬਾੜੀ ਦੇ ਕੰਮਾਂ ਵਿੱਚ ਹੱਥ ਨਹੀਂ ਵਟਾ ਸਕਦੀਆਂ।

xxvi. **ਲੜਕੇ ਅਤੇ ਲੜਕੀਆਂ ਨੂੰ ਤਰੱਕੀ ਦੇ ਬਰਾਬਰ ਮੌਕੇ ਮਿਲਣੇ ਚਾਹੀਦੇ ਹਨ।**

xxvii. **ਲੜਕਿਆਂ ਨੂੰ ਭੋਜਨ ਪਕਾਉਣ ਅਤੇ ਰਸੋਈ ਤੇ ਹੋਰ ਕੰਮਾਂ ਵਿੱਚ ਕੋਈ ਰੁਚੀ ਨਹੀਂ ਰੱਖਣੀ ਚਾਹੀਦੀ।**

**ਸਹੀ ਉੱਤਰ**

i. **ਸਹੀ** ii. **ਗਲਤ** iii. **ਸਹੀ** iv. **ਸਹੀ** v. **ਗਲਤ** vi. **ਸਹੀ** vii. **ਸਹੀ** viii. **ਸਹੀ** ix. **ਸਹੀ** x. **ਸਹੀ** xi. **ਸਹੀ** xii. **ਸਹੀ** xiii. **ਗਲਤ** xiv. **ਸਹੀ** xv. **ਸਹੀ** xvi. **ਗਲਤ** xvii. **ਸਹੀ** xviii. **ਸਹੀ** xix. **ਸਹੀ** xx. **ਗਲਤ** xxi. **ਸਹੀ** xxii. **ਸਹੀ** xxiii. **ਗਲਤ** xxiv **ਗਲਤ** xxv **ਗਲਤ** xxvi **ਸਹੀ** xxvii **ਗਲਤ**

**4. ਸਹੀ ਮਿਲਾਣ ਕਰੋ**

i.

| **ਕਾਲਮ** A | **ਕਾਲਮ** B |
|---|---|
| **1. ਸਰੀਰ ਦੀ ਸਫ਼ਾਈ** | a **ਝਗੜਾ** |
| **2. ਦਿਨ ਵਿੱਚ ਦੋ ਬਾਰ ਬੁਰਸ਼** | b. **ਹਸਪਤਾਲ** |
| **3. ਨਸ਼ਿਆਂ ਤੋਂ ਬਚਾਅ** | c. **ਨਿਯਮਾਂ ਦਾ ਪਾਲਣ ਕਰਨਾ** |
| **4. ਖਾਣਾ ਖਾਣ ਤੋਂ ਪਹਿਲਾਂ** | d. **ਤੰਦਰੁਸਤ ਸਰੀਰ** |
| **5. ਨਿਰੰਤਰ ਅਭਿਆਸ** | e. **ਚੰਗੀ ਸਿਹਤ** |
| **6. ਚੰਗੀ ਖੇਡ-ਭਾਵਨਾ** | f. **ਸਾਫ਼ ਅਤੇ ਮਜਬੂਤ ਦੰਦ** |
| **7. ਮਾੜੀ ਖੇਡ-ਭਾਵਨਾ** | g.**ਹੱਥਾਂ ਨੂੰ ਸਾਬਣ ਨਾਲ਼ ਧੋਣਾ** |
| **8. ਜਨਤਿਕ ਸੰਪਤੀ** | h.**ਸਵੈ-ਵਿਸ਼ਵਾਸ ਵਿੱਚ ਵਾਧਾ** |

**ਸਹੀ ਉੱਤਰ 1-**e, 2-f, 3-d, 4-g, 5-h, 6-c,7-a, 8-b

ii.

| **ਕਾਲਮ** A | **ਕਾਲਮ** B |
|---|---|
| **1. ਸਵੈ-ਨਿਯੰਤਰਨ** | a **ਮਿਲਜੁਲ ਕੇ ਖੇਡਣਾ** |
| **2. ਬਜ਼ੁਰਗਾਂ ਕੋਲ** | b. **ਬੇਈਮਾਨੀ** |
| **3. ਵੱਡਿਆਂ ਦੀ ਗੱਲ** | c. **ਸਕੂਲ** |
| **4. ਘਰੇਲੂ ਕੰਮਾਂ ਵਿੱਚ** | d. **ਕੱਲ੍ਹ ਦਾ ਸੁਰੱਖਿਅਤ ਜੀਵਨ** |

| | |
|---|---|
| 5. ਅੱਜ ਦੀ ਸਾਵਧਾਨੀ | e. ਪਰਿਵਾਰ ਦੀ ਮਦਦ ਕਰੋ |
| 6. ਮਾੜੀ ਖੇਡ-ਭਾਵਨਾ | f. ਧਿਆਨ ਨਾਲ਼ ਸੁਣੋ |
| 7. ਚੰਗੀ ਖੇਡ-ਭਾਵਨਾ | g.ਤਜ਼ਰਬਾ ਮਹਾਨ |
| 8. ਜਨਤਿਕ ਸੰਪਤੀ | h. ਗੁੱਸੇ 'ਤੇ ਕਾਬੂ |

**ਸਹੀ ਉੱਤਰ 1-**h, 2-g, 3-f, 4-e, 5-d, 6-b, 7-a, 8-c

iii.

| ਕਾਲਮ A | ਕਾਲਮ B |
|---|---|
| 1. ਸੜਕ ਪਾਰ ਕਰਨਾ | a ਰੇਲਵੇ |
| 2. ਰਾਤ ਨੂੰ ਚਲਦੇ ਸਮੇਂ | b. ਅਨੁਸ਼ਾਸਨ |
| 3. ਜਨਤਿਕ ਸੰਪਤੀ | c. ਆਲੋਚਨਾ |
| 4. ਆਧੁਨਿਕਤਾ ਦੀ ਹੋੜ | d. ਜ਼ੈਬਰਾ ਕ੍ਰਾਸਿੰਗ |
| 5. ਵਿਸ਼ਵ ਪਸ਼ੂ-ਦਿਵਸ | e. ਚਮਕਦਾਰ ਕਪੜੇ |
| 6. ਜੀਵਤ ਪ੍ਰਾਣੀਆਂ ਪ੍ਰਤਿ ਦਇਆ | f. ਕੁਦਰਤੀ ਵਾਤਾਵਰਨ ਤੋਂ ਦੂਰੀ |
| 7. ਚੰਗੀ ਖੇਡ-ਭਾਵਨਾ | g. 4 ਅਕਤੂਬਰ |
| 8. ਮਾੜੀ ਖੇਡ ਭਾਵਨਾ | h. ਮੌਲਿਕ ਕਰਤੱਵ |

**ਸਹੀ ਉੱਤਰ 1-**d, 2-e, 3-a, 4-f, 5-g, 6-h,7-b, 8-c

iv.

| ਕਾਲਮ A | ਕਾਲਮ B |
|---|---|
| 1. ਮਨੁੱਖ | a ਨਿਮਰਤਾ |
| 2. ਫ਼ੈਸਲਾ ਲੈਣਾ | b. ਬਹਿਸ ਕਰਨਾ |
| 3. ਬਰਾਬਰ ਅਧਿਕਾਰ | c. ਲਾਇਬ੍ਰੇਰੀ |
| 4. ਲਿੰਗ ਸਮਾਨਤਾ | d. ਬਰਾਬਰ ਸਤਿਕਾਰ |
| 5. ਜਨਤਿਕ ਸੰਪਤੀ | e. ਕੁਦਰਤ ਦੀ ਸਭ ਤੋਂ ਉੱਤਮ ਰਚਨਾ |
| 6. ਚੰਗੀ ਖੇਡ-ਭਾਵਨਾ | f. ਲੜਕਾ ਅਤੇ ਲੜਕੀ ਦੇ ਬਰਾਬਰ ਅਧਿਕਾਰ |
| 7. ਮਾੜੀ ਖੇਡ-ਭਾਵਨਾ | g. ਸੰਭਾਵਿਤ ਵਿਕਲਪਾਂ ਵਿੱਚੋਂ ਕਿਸੇ ਇੱਕ ਦੀ ਚੋਣ |

**ਸਹੀ ਉੱਤਰ 1-**e, 2-g, 3-d, 4-f,5-c,6-a,7-b,

**5. ਛੋਟੇ ਉੱਤਰਾਂ ਵਾਲੇ ਪ੍ਰਸ਼ਨ**

i. **ਦੰਦਾਂ ਨੂੰ ਦਿਨ ਵਿੱਚ ਕਿੰਨੀ ਵਾਰ ਅਤੇ ਕਿਉਂ ਸਾਫ਼ ਕਰਨਾ ਚਾਹੀਦਾ ਹੈ?**

ii. ਹੱਥਾਂ ਨੂੰ ਸਾਬਣ ਨਾਲ਼ ਕਿਉਂ ਧੋਣਾ ਚਾਹੀਦਾ ਹੈ?

iii. ਆਪਣੇ ਸਰੀਰ ਨੂੰ ਸਾਫ਼ ਰੱਖਣ ਦੇ ਦੋ ਫ਼ਾਇਦੇ ਲਿਖੋ।

iv. ਸਾਨੂੰ ਖੰਘਣ ਅਤੇ ਛਿੱਕਣ ਸਮੇਂ ਆਪਣੇ ਮੂੰਹ ਅਤੇ ਨੱਕ ਨੂੰ ਰੁਮਾਲ ਨਾਲ਼ ਕਿਉਂ ਢਕਣਾ ਚਾਹੀਦਾ ਹੈ?

v. ਸਬਜ਼ੀਆਂ ਅਤੇ ਫਲ਼ ਬਾਜ਼ਾਰ ਚੋਂ ਲਿਆਉਣ ਤੋਂ ਬਾਅਦ ਧੋਣੇ ਕਿਉਂ ਚਾਹੀਦੇ ਹਨ?

vi. ਸਵੈ-ਨਿਯੰਤਰਣ ਨਾਲ਼ ਹੋਣ ਵਾਲ਼ੇ ਕੋਈ ਦੋ ਫ਼ਾਇਦੇ ਦੱਸੋ?

vii. ਸਵੈ-ਨਿਯੰਤਰਣ ਤੁਸੀਂ ਕਿਸ ਪ੍ਰਕਾਰ ਕਰ ਸਕਦੇ ਹੋ? ਕੋਈ ਪੰਜ ਤਰੀਕੇ ਦੱਸੋ।

viii. ਮੁਸ਼ਕਲ ਹਾਲਾਤ ਵਿੱਚ ਸਵੈ-ਨਿਯੰਤਰਣ ਕਿਵੇਂ ਜ਼ਿੰਦਗੀ ਵਿੱਚ ਸਫ਼ਲ ਹੋਣਾ ਸਿਖਾਉਂਦਾ ਹੈ?

ix. ਆਪਣੀ ਪ੍ਰਤਿਭਾ ਵਿੱਚ ਨਿਖਾਰ ਲਿਆਉਣ ਦੇ ਕੋਈ ਦੋ ਤਰੀਕੇ ਦੱਸੋ।

x. ਆਪਣੇ ਸ੍ਵੈ-ਵਿਸ਼ਵਾਸ ਨੂੰ ਕਿਵੇਂ ਵਧਾਇਆ ਜਾ ਸਕਦਾ ਹੈ?

xi. ਸਾਨੂੰ ਆਪਣੇ ਪਰਿਵਾਰ ਦੇ ਬਜ਼ੁਰਗਾਂ ਅਤੇ ਹੋਰ ਵੱਡਿਆਂ ਦਾ ਸਤਿਕਾਰ ਕਿਉਂ ਕਰਨਾ ਚਾਹੀਦਾ ਹੈ? ਦੋ ਕਾਰਣ ਦੱਸੋ।

xii. ਅਸੀਂ ਆਪਣੇ ਮਾਤਾ-ਪਿਤਾ ਅਤੇ ਪਰਿਵਾਰ ਦੇ ਹੋਰ ਬਜ਼ੁਰਗਾਂ ਦਾ ਸ਼ੁਕਰੀਆ ਕਿਸ ਤਰ੍ਹਾਂ ਨਾਲ਼ ਕਰ ਸਕਦੇ ਹਾਂ?

xiii. ਸੜਕ ’ਤੇ ਆਪਣੀ ਕੀਮਤੀ ਜ਼ਿੰਦਗੀ ਨੂੰ ਬਚਾਉਣ ਲਈ ਧਿਆਨ ਰੱਖਣਯੋਗ ਕੋਈ ਦੋ ਗੱਲਾਂ ਦੱਸੋ।

xiv. ਸੜਕ ਨੂੰ ਪੈਦਲ ਪਾਰ ਕਿਸ ਜਗ੍ਹਾ ਤੋਂ ਕਰਨਾ ਚਾਹੀਦਾ ਹੈ।

xv. ਰਾਤ ਨੂੰ ਸੜਕ ’ਤੇ ਚਲਦੇ ਸਮੇਂ ਕਿਸ ਪ੍ਰਕਾਰ ਦੇ ਕਪੜੇ ਪਹਿਨਣੇ ਚਾਹੀਦੇ ਹਨ?

xvi. ਸਾਈਕਲ ਚਲਾਉਂਦੇ ਸਮੇਂ ਧਿਆਨ ਰੱਖਣ ਯੋਗ ਤਿੰਨ ਗੱਲਾਂ ਦੱਸੋ।

xvii. ਅਜਿਹੇ ਦੋ ਜਾਨਵਰਾਂ ਦਾ ਨਾਂ ਦੱਸੋ ਜਿਨ੍ਹਾਂ ਦੀ ਮਨੁੱਖ ਪੁਰਾਣੇ ਸਮਿਆਂ ਵਿੱਚ ਵਰਤੋਂ ਕਰਦਾ ਸੀ?

xviii. ਪਸ਼ੂਆਂ ਅਤੇ ਮਨੁੱਖਾਂ ਵਿਚਕਾਰ ਦੋ ਸਮਾਨਤਾਵਾਂ ਦੱਸੋ।

xix. ਮਨੁੱਖ ਨੂੰ ਕੁਦਰਤ ਦੀ ਸਭ ਤੋਂ ਉੱਤਮ ਰਚਨਾ ਕਿਉਂ ਕਿਹਾ ਜਾਂਦਾ ਹੈ?

xx. ਵਿਸ਼ਵ ਪਸ਼ੂ ਦਿਵਸ ਕਦੋਂ ਮਨਾਇਆ ਜਾਂਦਾ ਹੈ?

xxi. ਜਾਨਵਰ ਸਾਡੇ ਨਾਲ਼ੋਂ ਕਿਹੜੇ ਗੁਣਾਂ ਵਿੱਚ ਘੱਟ ਹਨ?

xxii. ਜਾਨਵਰਾਂ ਕੋਲ਼ ਸਾਡੇ ਨਾਲ਼ੋਂ ਕਿਹੜੇ ਗੁਣ ਵੱਧ ਹਨ?

xxiii. ਮੌਜੂਦਾ ਸਮੇਂ ਵਿੱਚ ਅਸੀਂ ਜਾਨਵਰਾਂ ਦੀ ਵਰਤੋਂ ਕਿਹਨਾਂ ਉਦੇਸ਼ਾਂ ਲਈ ਕਰਦੇ ਹਾਂ?

xxiv. ਇੱਕ ਚੰਗਾ ਫੈਸਲਾ ਲੈਣ ਦੇ ਕਦਮਾਂ ਨੂੰ ਸਹੀ ਤਰਤੀਬ ਵਿੱਚ ਕਰੋ।

ੳ. ਫ਼ੈਸਲੇ ਦੀ ਸਮੀਖਿਆ ਕਰਨੀ

ਅ. ਸਮੱਸਿਆ ਦਾ ਵਿਸ਼ਲੇਸ਼ਣ ਕਰਨਾ

ੲ. ਸਾਰੇ ਹੱਲ ਜਾਂ ਵਿਕਲਪਾਂ ਨੂੰ ਤੋਲਣਾ

ਸ. ਸਾਰੇ ਹੱਲ ਜਾਂ ਵਿਕਲਪਾਂ ਦੀ ਪਛਾਣ ਕਰਨੀ

ਹ. ਕਾਰਵਾਈ ਕਰਨੀ

ਕ. ਜਾਣਕਾਰੀ ਇੱਕਠੀ ਕਰਨੀ

ਖ. ਹਲ ਜਾਂ ਵਿਕਲਪਾਂ ਵਿੱਚੋਂ ਚੁਣਨਾ

xxv. ਸੰਭਾਵਿਤ ਵਿਕਲਪਾਂ ਵਿੱਚੋਂ ਇੱਕ ਦੀ ਚੋਣ ਕਰਨ ਨੂੰ ਕੀ ਕਹਿੰਦੇ ਹਨ?

xxvi. ਚੰਗੀ ਖੇਡ ਭਾਵਨਾ ਦੇ ਪ੍ਰਦਰਸ਼ਨ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ? ਕੋਈ ਤਿੰਨ ਗੱਲਾਂ ਦੱਸੋ।

xxvii. ਇੱਕ ਚੰਗੇ ਖਿਡਾਰੀ ਦੀ ਜਿੱਤਣ ਉਪਰੰਤ ਕਿਹੋ ਜਿਹੀ ਪ੍ਰਤਿਕਿਰਿਆ ਹੋਣੀ ਚਾਹੀਦੀ ਹੈ?

xxviii. ਇੱਕ ਚੰਗੇ ਖਿਡਾਰੀ ਦਾ ਆਪਣੇ ਸਾਥੀਆਂ ਨਾਲ਼, ਦੂਸਰੀ ਟੀਮ ਦੇ ਖਿਡਾਰੀਆਂ ਨਾਲ਼ ਅਤੇ ਰੈਫਰੀ ਜਾਂ ਕੋਚ ਨਾਲ਼ ਵਰਤਾਅ ਕਿਹੋ ਜਿਹਾ ਹੋਣਾ ਚਾਹੀਦਾ ਹੈ?

xxix. ਇੱਕ ਚੰਗੇ ਖਿਡਾਰੀ ਦੀ ਹਾਰਨ ਉਪਰੰਤ ਕਿਹੋ ਜਿਹੀ ਪ੍ਰਤਿਕਿਰਿਆ ਹੋਣੀ ਚਾਹੀਦੀ ਹੈ?

xxx. ਜਨਤਕ ਸੰਪਤੀਆਂ ਨੂੰ ਜਨਤਕ ਸੰਪਤੀ ਕਿਉਂ ਕਿਹਾ ਜਾਂਦਾ ਹੈ?

xxxi. ਬੁੱਝੋ ਮੈਂ ਕੌਣ ਹਾਂ?

(ੳ) ਮੇਰੇ ਕੋਲ਼ ਕਿਤਾਬਾਂ ਨਾਲ਼ ਭਰੀਆਂ ਅਲਮਾਰੀਆਂ ਹਨ। ਇੱਥੇ ਬਹੁਤ ਸਾਰੀਆਂ ਕੁਰਸੀਆਂ ਮੇਜ਼ ਅਤੇ ਅਖ਼ਬਾਰ ਹਨ।

(ਅ) ਮੇਰੇ ਕੋਲ਼ ਬਹੁਤ ਸਾਰੇ ਸੁੰਦਰ ਫੁੱਲ ਅਤੇ ਪੌਦੇ ਹਨ। ਮੇਰੇ ਕੋਲ਼ ਪਿਆਰੇ ਬਾਗ਼ ਵੀ ਹਨ।

(ੲ) ਮੈਂ ਇੱਕ ਵੱਡੀ ਇਮਾਰਤ ਹਾਂ ਜਿਸ ਵਿਚ ਬਹੁਤ ਸਾਰੇ ਕਮਰੇ, ਪ੍ਰਯੋਗ ਸ਼ਾਲਾ, ਲਾਇਬ੍ਰੇਰੀ, ਖੇਡ ਦੇ ਮੈਦਾਨ ਅਤੇ ਰਸੋਈ ਸ਼ੈੱਡ ਹਨ। ਤੁਸੀਂ ਮੇਰੇ ਕੋਲ਼ ਆ ਕੇ ਸਿੱਖਿਆ ਲੈਂਦੇ ਹੋ।

(ਸ) ਮੈਂ ਇੱਕ ਬਹੁਤ ਵੱਡੀ ਇਮਾਰਤ ਹਾਂ। ਬਿਮਾਰ ਲੋਕ ਮੇਰੇ ਕੋਲ਼ ਆਉਂਦੇ ਹਨ ਅਤੇ ਇਲਾਜ ਕਰਵਾਉਂਦੇ ਹਨ।

(ਹ) ਮੇਰੇ ਕੋਲ਼ ਬਹੁਤ ਸਾਰੇ ਪਹੀਏ ਅਤੇ ਬਹੁਤ ਸਾਰੀਆਂ ਸੀਟਾਂ ਹਨ। ਲੋਕ ਸੀਟਾਂ 'ਤੇ ਬੈਠਦੇ ਹਨ ਅਤੇ ਇਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਂਦੇ ਹਨ।

xxxii. ਕੋਈ ਦੋ ਪ੍ਰਸਿੱਧ ਮਰਦ ਅਤੇ ਇਸਤਰੀ ਹਸਤੀਆਂ ਦੇ ਨਾਮ ਅਤੇ ਉਨ੍ਹਾਂ ਦੇ ਕੀਤੇ ਕੰਮ ਲਿਖੋ।

xxxiii. ਕੋਈ ਤਿੰਨ ਕੰਮ ਦੱਸੋ ਜਿਹਨਾਂ ਬਾਰੇ ਪ੍ਰਚਲਿਤ ਹੈ ਕਿ ਉਹ ਕੇਵਲ ਲੜਕੇ ਹੀ ਕਰ ਸਕਦੇ ਹਨ।

xxxiv. ਅਜਿਹੇ ਤਿੰਨ ਕੰਮ ਦੱਸੋ ਜਿਹਨਾਂ ਬਾਰੇ ਪ੍ਰਚਲਿਤ ਹੈ ਕਿ ਉਹ ਕੇਵਲ ਲੜਕੀਆਂ ਹੀ ਕਰ ਸਕਦੀਆਂ ਹਨ।

6. ਕਾਲਪਨਿਕ ਸਥਿਤੀ ਤੇ ਅਧਾਰਿਤ ਅਤੇ ਵਾਸਤਵਿਕ ਜੀਵਨ ਨਾਲ਼ ਜੁੜੀ ਸਮੱਸਿਆ ਨੂੰ ਹੱਲ ਕਰਨ ਨਾਲ਼ ਸੰਬੰਧਿਤ ਪ੍ਰਸ਼ਨ

I. ਤੁਹਾਡਾ ਮਿੱਤਰ ਆਪਣੀ ਸਫ਼ਾਈ ਵੱਲ਼ ਬਿਲਕੁਲ ਧਿਆਨ ਨਹੀਂ ਦਿੰਦਾ। ਉਸ ਦੇ ਲਈ ਆਪਣੇ ਸਰੀਰ ਨੂੰ ਸਾਫ਼ ਰੱਖਣ ਦੇ ਕੋਈ ਤਿੰਨ ਤਰੀਕੇ ਅਤੇ ਉਹਨਾਂ ਦੇ ਫ਼ਾਇਦੇ ਲਿਖੋ।

II. ਜਦੋਂ ਕਿਸੇ ਦੇ ਬੁਰੇ ਵਿਹਾਰ ਕਾਰਨ ਵਿਅਕਤੀ ਨੂੰ ਗੁੱਸਾ ਆਵੇ ਤਾਂ ਉਸਨੂੰ ਕੀ ਕਰਨਾ ਚਾਹੀਦਾ ਹੈ?

III. ਤੁਸੀਂ ਆਪਣੇ ਮਾਤਾ-ਪਿਤਾ ਜੀ, ਦਾਦਾ-ਦਾਦੀ ਜੀ ਅਤੇ ਹੋਰ ਆਪਣੇ ਤੋਂ ਵਡੇਰੀ ਉਮਰ ਵਾਲ਼ੇ ਰਿਸ਼ਤੇਦਾਰਾਂ ਪ੍ਰਤੀ ਆਪਣਾ ਪਿਆਰ ਅਤੇ ਸਤਿਕਾਰ ਕਿਸ ਤਰ੍ਹਾਂ ਪ੍ਰਗਟ ਕਰੋਗੇ?

IV. ਆਪਣੇ ਮਾਤਾ-ਪਿਤਾ ਜੀ, ਦਾਦਾ-ਦਾਦੀ ਜੀ ਅਤੇ ਹੋਰ ਆਪਣੇ ਤੋਂ ਵਡੇਰੀ ਉਮਰ ਵਾਲ਼ੇ ਰਿਸ਼ਤੇਦਾਰਾਂ ਦਾ ਸ਼ੁਕਰੀਆ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ?

V. ਜੇਕਰ ਸੜਕ ’ਤੇ ਜ਼ੈਬਰਾ-ਕਰਾਸਿੰਗ ਮੌਜੂਦ ਨਾ ਹੋਵੇ ਤਾਂ ਤੁਸੀਂ ਸੜਕ ਕਿਵੇਂ ਪਾਰ ਕਰੋਗੇ?

VI. ਮਨੁੱਖ ਦੁਆਰਾ ਪਸ਼ੂਆਂ ਦੀ ਵਰਤੋਂ ਦਾ ਪਸ਼ੂਆਂ ਨੂੰ ਲਾਭ ਹੋਇਆ ਕਿ ਨੁਕਸਾਨ? ਆਪਣੇ ਉਤਰ ਲਈ ਤਰਕ ਦਿਉ।

VII. ਮਨੁੱਖੀ ਵਿਕਾਸ ਅਤੇ ਆਧੁਨੀਕਰਨ ਤੋਂ ਜਾਨਵਰਾਂ ਨੂੰ ਹੋਈਆਂ ਕੋਈ ਤਿੰਨ ਹਾਨੀਆਂ ਦੱਸੋ।

VIII. ਤੁਸੀਂ ਫ਼ੁਟਬਾਲ ਦੇ ਖਿਡਾਰੀ ਹੋ। ਖੇਡ ਦੇ ਮੈਦਾਨ ਵਿੱਚ ਚੰਗੀ ਖੇਡ ਭਾਵਨਾ ਨੂੰ ਦਰਸਾਉਂਦੀਆਂ ਕੋਈ ਚਾਰ ਗੱਲਾਂ ਦੱਸੋ ਜਿਨ੍ਹਾਂ ਦਾ ਤੁਸੀਂ ਧਿਆਨ ਰੱਖੋਗੇ ਅਤੇ ਪਾਲਣਾ ਕਰੋਗੇ।

IX. ਤੁਸੀਂ ਕ੍ਰਿਕੇਟ ਦੇ ਖਿਡਾਰੀ ਹੋ। ਅੰਤਰ ਸਕੂਲ ਖੇਡ ਮੁਕਾਬਲਿਆਂ ਵਿੱਚ ਤੁਹਾਡੀ ਟੀਮ ਦਾ ਫਾਈਨਲ ਮੈਚ ਚੱਲ ਰਿਹਾ ਹੈ। ਮੈਚ ਦੀ ਆਖ਼ਰੀ ਗੇਂਦ ਹੈ। ਜੇਕਰ ਤੁਹਾਡਾ ਸਾਥੀ ਖਿਡਾਰੀ ਚਾਰ ਰਨ ਲੈ ਪਾਇਆ ਤਾਂ ਤੁਸੀਂ ਜਿੱਤ ਜਾਉਗੇ ਪਰ ਉਹ ਆਊਟ ਹੋ ਗਿਆ ਅਤੇ ਤੁਸੀਂ ਹਾਰ ਗਏ। ਅਜਿਹੇ ਸਮੇਂ ਵਿੱਚ ਚੰਗੀ ਖੇਡ ਭਾਵਨਾ ਦੇ ਪ੍ਰਦਰਸ਼ਨ ਲਈ ਕੀਤੀਆਂ ਜਾਣ ਵਾਲ਼ੀਆਂ ਕੋਈ ਤਿੰਨ ਗੱਲਾਂ ਲਿਖੋ।

X. ਜਨਤਕ ਸੰਪਤੀਆਂ ਦਾ ਨੁਕਸਾਨ ਸਾਡਾ ਆਪਣਾ ਨੁਕਸਾਨ ਹੈ। ਕਿਵੇਂ?

XI. ਆਪਣੇ ਸਕੂਲ ਦੀ ਸੰਪਤੀ ਦੀ ਸੰਭਾਲ਼ ਲਈ ਕੋਈ ਚਾਰ ਤਰੀਕੇ ਲਿਖੋ।

XII. ਕੀ ਲੜਕਾ ਅਤੇ ਲੜਕੀ ਵਿੱਚ ਭੇਦਭਾਵ ਕਰਨਾ ਸਹੀ ਹੈ? ਆਪਣੇ ਉੱਤਰ ਲਈ ਕੋਈ ਤਿੰਨ ਤਰਕ ਦਿਉ।

XIII. ਸੜਕ ’ਤੇ ਵਧ ਰਹੀਆਂ ਦੁਰਘਟਨਾਵਾਂ ਦੇ ਕੋਈ ਚਾਰ ਕਾਰਨ ਦੱਸੋ।

XIV. ਸੜਕ ’ਤੇ ਵੱਧ ਰਹੀਆਂ ਦੁਰਘਟਨਾਵਾਂ ਨੂੰ ਰੋਕਣ ਦੇ ਕੋਈ ਚਾਰ ਤਰੀਕੇ ਦੱਸੋ।

XV. ਪਰਿਵਾਰ ਵਿੱਚ ਬਜ਼ੁਰਗਾਂ ਦੇ ਸਤਿਕਾਰ ਨੂੰ ਵਧਾਉਣ ਲਈ ਕੋਈ ਚਾਰ ਨੁਕਤੇ ਦੱਸੋ।

XVI. ਹੇਠ ਲਿਖੀਆਂ ਸਮੱਸਿਆਵਾਂ ਦੇ ਸਮਾਧਾਨ ਦੱਸੋ।

ੳ ਪੰਛੀਆਂ ਨੂੰ ਪਿੰਜਰੇ ਵਿਚ ਕੈਦ ਰੱਖਣਾ।

ਅ ਸੜਕਾਂ 'ਤੇ ਆਵਾਰਾ ਫਿਰਦੇ ਪਸ਼ੂ।

ੲ ਚੂਹਿਆਂ ਖਰਗੋਸ਼ਾਂ ਆਦਿ ਤੇ ਕੀਤਾ ਜਾਂਦਾ ਦਵਾਈਆਂ ਦਾ ਪ੍ਰੀਖਣ।

ਸ ਪਤੰਗ ਦੀ ਡੋਰ ਨਾਲ਼ ਪੰਛੀਆਂ ਦਾ ਜ਼ਖ਼ਮੀ ਹੋਣਾ।

ਹ ਭਾਰੀ ਬੋਝ ਖਿੱਚਦੇ ਖੱਚਰ, ਊਠ ਅਤੇ ਹੋਰ ਜਾਨਵਰ।

ਕ ਮਾਸ ਅਤੇ ਆਂਡਿਆਂ ਲਈ ਪਾਲੇ ਜਾਂਦੇ ਮੁਰਗੇ-ਮੁਰਗੀਆਂ।

ਖ ਸਰਕਸ ਵਿੱਚ ਵਰਤੇ ਜਾਂਦੇ ਜਾਨਵਰ।

XVII. ਵਿਦਿਆਰਥੀਆਂ ਵੱਲੋਂ ਸਕੂਲ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਏ ਜਾਣ ਦਾ ਹੱਲ ਕਿਸ ਪ੍ਰਕਾਰ ਕੀਤਾ ਜਾ ਸਕਦਾ ਹੈ।

XVIII. ਸਮਾਜ ਵਿੱਚ ਲੜਕੇ ਅਤੇ ਲੜਕੀ ਵਿੱਚ ਹੋ ਰਹੇ ਭੇਦਭਾਵ ਦੀ ਰੋਕਥਾਮ ਲਈ ਕੋਈ ਚਾਰ ਉਪਾਅ ਦੱਸੋ।